# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ), ਬਠਿੰਡਾ।

ਵੱਲ

ਸਮੂਹ ਪ੍ਰਿੰਸੀਪਲ,
ਸਰਕਾਰੀ/ਪ੍ਰਾਈਵੇਟ/ਏਡਿਡ/ਇੰਸਟੀਟਿਊਟਸ,
ਜ਼ਿਲ੍ਹਾ ਬਠਿੰਡਾ।

ਪੱਤਰ ਨੰ: ਜੀ-51()/2024/1275 ਮਿਤੀ:ਬਠਿੰਡਾ 31-01-2024

ਵਿਸ਼ਾ- **ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਟੂਡੈਂਟਸ ਸਕੀਮ ਤਹਿਤ ਸਾਲ 2023-24 ਦੇ ਵਿਦਿਆਰਥੀਆਂ ਦਾ ਡਾਟਾ ਵੈਰੀਫਾਈ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਟੂਡੈਂਟਸ ਸਕੀਮ ਤਹਿਤ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਅਪਲਾਈ ਕਰਨ ਸਬੰਧੀ ਸ਼ਡਿਊਲ ਜਾਰੀ ਕੀਤਾ ਗਿਆ ਸੀ।ਜਿਸ ਅਨੁਸਾਰ ਸੰਸਥਾਵਾਂ ਨੂੰ ਵਿਦਿਆਰਥੀਆਂ ਦੇ ਮੁਕੰਮਲ ਕੇਸ ਅਪਰੂਵਿੰਗ /ਸੈਕਸ਼ਨ ਅਥਾਰਟੀ ਨੂੰ ਭੇਜਣ ਦੀ ਅੰਤਿਮ ਮਿਤੀ 08-02-2024 ਨਿਸ਼ਚਿਤ ਕੀਤੀ ਗਈ ਹੈ, ਪ੍ਰੰਤੂ ਡਾ.ਅੰਬੇਦਕਰ ਸਕਾਲਰਸ਼ਿਪ ਪੋਰਟਲ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਹੁਣ ਤੱਕ 5812 ਵੱਲੋਂ ਅਪਲਾਈ ਕੀਤਾ ਗਿਆ ਹੈ ਪ੍ਰੰਤੂ ਸੰਸਥਾਵਾਂ ਵੱਲੋਂ ਕੇਵਲ 3646 ਵਿਦਿਆਰਥੀਆਂ ਦੇ ਕੇਸ ਫਾਰਵਰਡ ਕੀਤੇ ਗਏ ਹਨ।ਪਿਛਲੇ ਸਮੇਂ ਦੌਰਾਨ ਦੇਖਣ ਵਿੱਚ ਆਇਆ ਹੈ ਕਿ ਸੰਸਥਾਵਾਂ ਵੱਲੋਂ ਸਮੇਂ ਸਿਰ ਕੇਸ ਸੈਕਸ਼ਨ ਅਥਾਰਟੀ ਨੂੰ ਨਹੀਂ ਭੇਜੇ ਜਾਂਦੇ ਅਤੇ ਅੰਤਿਮ ਸਮੇਂ ਵਿੱਚ ਹੋਰ ਸਮੇਂ ਦੀ ਮੰਗ ਕੀਤੀ ਜਾਂਦੀ ਹੈ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸੰਸਥਾਵਾਂ ਦੇ ਪੱਧਰ ਤੇ ਕਿਸੇ ਵੀ ਯੋਗ ਵਿਦਿਆਰਥੀ ਦਾ ਕੇਸ ਅਪਰੂਵਿੰਗ/ਸੈਕਸ਼ਨ ਅਥਾਰਟੀ ਨੂੰ ਭੇਜਣ ਤੋਂ ਬਕਾਇਆ ਨਾ ਰਹੇ ਅਤੇ ਇਸ ਸਬੰਧੀ ਰੋਜਾਨਾ ਬਣਦੀ ਕਾਰਵਾਈ ਕੀਤੀ ਜਾਵੇ ਤਾਂ ਜ਼ੋ ਕੋਈ ਵੀ ਅਨੁਸੂਚਿਤ ਜਾਤੀ ਦਾ ਯੋਗ ਵਿਦਿਆਰਥੀ ਇਸ ਸਕੀਮ ਦਾ ਲਾਭ ਲੈਣ ਤੋਂ ਵਾਂਝਾ ਨਾ ਰਹੇ।

ਇਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਖਰੀ ਮਿਤੀ 08-02-2024 ਤੋਂ ਪਹਿਲਾਂ ਪਹਿਲਾਂ ਵਿਦਿਆਰਥੀਆਂ ਦੇ ਮੁਕੰਮਲ ਕੇਸਾਂ ਦੀ ਬਣਦੀ ਲੋੜੀਂਦੀ ਕਾਰਵਾਈ ਕਰ ਲਈ ਜਾਵੇ ਕਿਉਂ ਜ਼ੋ ਆਖਰੀ ਦੇ ਦਿਨਾਂ ਵਿੱਚ ਪੋਰਟਲ ਦੇ ਸਰਵਰ ਤੇ Rush ਪੈ ਜਾਂਦਾ ਹੈ।ਜੇਕਰ ਨਿਸ਼ਚਿਤ ਸਮੇਂ ਤੇ ਕਿਸੇ ਯੋਗ ਵਿਦਿਆਰਥੀ ਦਾ ਕੇਸ ਬਕਾਇਆ ਰਹਿਣ ਕਾਰਨ ਸਬੰਧਤ ਵਿਦਿਆਰਥੀ ਨੂੰ ਸਕਾਲਰਸ਼ਿਪ ਦੀ ਅਦਾਇਗੀ ਨਹੀਂ ਹੁੰਦੀ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਸੰਸਥਾ ਦੇ ਮੁੱਖੀ ਅਤੇ ਵਜੀਫਾ ਨੋਡਲ ਅਫਸਰ ਦੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫਸਰ(ਸ)
ਬਠਿੰਡਾ

Scanned with OKEN Scanner